Calgary | Livery Transport Services

**ਬੁਲੇਟਿਨ #004**

ਲਿਵਰੀ ਟ੍ਰਾਂਸਪੋਰਟ ਬਾਈਲਾਅ ਸਰਵੇਖਣ
ਸਟੈਂਡਿੰਗ ਪਾਲਿਸੀ ਕਮੇਟੀ ਰਿਪੋਰਟ ਅਤੇ ਸਟੇਕਹੋਲਡਰ ਰਿਪੋਰਟ ਬੈਕ: ਅਸੀਂ ਕੀ ਸੁਣਿਆ
1 ਮਾਰਚ, 2021

---

ਇਹ ਬੁਲੇਟਿਨ ਉਦਯੋਗ ਸਟੇਕਹੋਲਡਰਾਂ ਨੂੰ ਲਿਵਰੀ ਟ੍ਰਾਂਸਪੋਰਟ ਬਾਈਲਾਅ ਸਰਵੇਖਣ ਰਿਪੋਰਟ ਦੇ ਨਵੇਂ ਆ ਰਹੇ ਪ੍ਰਕਾਸ਼ਨ ਬਾਰੇ ਜਾਣਕਾਰੀ ਦੇਣ ਲਈ ਹੈ ਜੋ ਕਿ 5 ਮਾਰਚ, 2021 ਨੂੰ ਪ੍ਰਕਾਸ਼ਿਤ ਹੋਣ ਜਾ ਰਿਹਾ ਹੈ। ਇਸ ਰਿਪੋਰਟ ਵਿੱਚ ਪ੍ਰਸਤਾਵਿਤ ਲਿਵਰੀ ਟ੍ਰਾਂਸਪੋਰਟ ਬਾਈਲਾਅ ਅਤੇ ਫੀਸ ਅਨੁਸੂਚੀ ਸ਼ਾਮਿਲ ਹੈ, ਜੋ ਕਿ ਸਟੈਂਡਿੰਗ ਪਾਲਿਸੀ ਕਮੇਟੀ (ਐਸ.ਪੀ.ਸੀ) ਨੂੰ ਬੁੱਧਵਾਰ, 10 ਮਾਰਚ, 2021, ਨੂੰ ਕਮਿਊਨਿਟੀ ਅਤੇ ਪ੍ਰੋਟੈਕਟਿਵ ਸਰਵਿਸਿਜ਼ (ਸੀ.ਪੀ.ਐਸ) ਬਾਰੇ ਪੇਸ਼ ਕੀਤੀ ਜਾਵੇਗੀ।

5 ਮਾਰਚ ਤੋਂ ਕਮੇਟੀ ਮੀਟਿੰਗ ਏਜੰਡਾ, ਲਿਵਰੀ ਟ੍ਰਾਂਸਪੋਰਟ ਬਾਈਲਾਅ ਸਰਵੇਖਣ ਰਿਪੋਰਟ ਅਤੇ ਹੋਰ ਨੱਥੀ ਦਸਤਾਵੇਜ਼, ਹੇਠ ਦਿੱਤੇ ਲਿੰਕ ਰਾਹੀਂ ਉਪਲੱਬਧ ਹੋਣਗੇ:
https://www.calgary.ca/ca/city-clerks/legislative-services/agenda-minutes.html

**ਸਟੈਂਡਿੰਗ ਪਾਲਿਸੀ ਕਮੇਟੀ ਨੂੰ ਪੇਸ਼ ਕਰਦੇ ਹੋਏ**
ਮੌਜੂਦਾ ਕੋਵਿਡ-19 ਮਹਾਂਮਾਰੀ ਦੇ ਦੌਰਾਨ, ਅਸੀਂ ਆਮ ਜਨਤਾ ਨੂੰ ਕਮੇਟੀ ਅਤੇ ਕੌਂਸਿਲ ਮੀਟਿੰਗਾਂ ਵਿੱਚ ਦੂਰ-ਦੁਰਾਡੇ ਭਾਗ ਲੈਣ ਲਈ ਵਿਕਲਪ ਪੇਸ਼ ਕਰ ਰਹੇ ਹਾਂ, ਜੇਕਰ ਤੁਸੀਂ ਇਸ ਮੀਟਿੰਗ ਵਿੱਚ ਹਿੱਸਾ ਲੈਣਾ ਚਾਹੁੰਦੇ ਹੋ ਤਾਂ, ਤੁਸੀਂ ਇਹ ਕਰ ਸਕਦੇ ਹੋ:

- ਲਾਈਵ ਸਟ੍ਰੀਮ http://video.isilive.ca/calgary/live.html ਰਾਹੀਂ ਕਮੇਟੀ ਮੀਟਿੰਗ ਵਿੱਚ ਸ਼ਾਮਲ ਹੋਵੋ ।
- public submission form ਰਾਹੀਂ ਲਿਖਤੀ ਰੂਪ ਵਿੱਚ ਜਮ੍ਹਾਂ ਕਰੋ ।
- publicsubmissions@calgary.ca 'ਤੇ ਈਮੇਲ ਕਰਕੇ ਸਿਟੀ ਕਲਰਕ ਦਫਤਰ ਨੂੰ ਸੰਪਰਕ ਕਰੋ ਤਾਂ ਕਿ ਤੁਸੀਂ ਕਮੇਟੀ ਮੀਟਿੰਗ ਵਿੱਚ ਬੋਲਣ ਲਈ ਦਰਜ ਹੋ ਸਕੋ। ਕਿਰਪਾ ਕਰਕੇ ਨੋਟ ਕਰੋ ਕਿ, ਜਨਤਾ, ਏਜੰਡੇ ਦੇ ਜਨਤਕ ਸੁਣਵਾਈ ਹਿੱਸੇ ਦੌਰਾਨ ਕਮੇਟੀ ਵਿੱਚ 5 ਮਿੰਟਾਂ ਲਈ ਬੋਲ ਸਕਦੀ ਹੈ। ਜੇਕਰ ਤੁਸੀਂ ਬੋਲਣਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਆਪਣੀਆਂ ਟਿੱਪਣੀਆਂ ਨੂੰ ਰਿਪੋਰਟ ਦੇ ਮਾਮਲਿਆਂ ਅਤੇ ਸਿਫਾਰਿਸ਼ ਕੀਤੇ ਜਾ ਰਹੇ ਕਾਰਜਾਂ ਤੱਕ ਹੀ ਸੀਮਿਤ ਰੱਖੋ।

**ਸਟੇਕਹੋਲਡਰ ਰਿਪੋਰਟ ਬੈਕ: ਅਸੀਂ ਕੀ ਸੁਣਿਆ**
ਲਿਵਰੀ ਟ੍ਰਾਂਸਪੋਰਟ ਬਾਈਲਾਅ ਸਰਵੇਖਣ ਦੇ ਸਹਿਯੋਗ ਲਈ ਸਟੇਕਹੋਲਡਰ ਇੰਗੇਜਮੈਂਟ ਪ੍ਰਕਿਰਿਆ ਦਾ Q4 2020 ਦਾ ਭਾਗ 2 ਹੁਣ ਪੂਰਾ ਹੋ ਚੁੱਕਾ ਹੈ। ਇੰਗੇਜਮੈਂਟ ਪ੍ਰਕਿਰਿਆ ਅਤੇ ਉਦਯੋਗ ਸਟੇਕਹੋਲਡਰਾਂ ਤੋਂ ਪ੍ਰਾਪਤ ਪ੍ਰਤੀਕਿਰਿਆ, ਸਟੇਕਹੋਲਡਰ *ਅਸੀਂ ਕੀ ਸੁਣਿਆ ਰਿਪੋਰਟ* ਵਿੱਚ ਸ਼ਾਮਿਲ ਹੈ।

ਲਿਵਰੀ ਟ੍ਰਾਂਸਪੋਰਟ ਬਾਈਲਾਅ ਸਰਵੇਖਣ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ Calgary.ca 'ਤੇ ਜਾਓ।

ਇਹ ਬੁਲੇਟਿਨ Calgary.ca 'ਤੇ ਐਮਹੈਰਿਕ, ਹਿੰਦੀ, ਪੰਜਾਬੀ ਅਤੇ ਉਰਦੂ ਵਿੱਚ ਵੀ ਉਪਲੱਬਧ ਹੈ।

ਤੁਹਾਡੇ ਲਿਵਰੀ ਟ੍ਰਾਂਸਪੋਰਟ ਬਾਈਲਾਅ ਸਰਵੇਖਣ ਬਾਰੇ ਕੋਈ ਸਵਾਲ ਹਨ ਤਾਂ ltsengagement@calgary.ca 'ਤੇ ਸੰਪਰਕ ਕਰੋ।

ਲਿਵਰੀ ਟ੍ਰਾਂਸਪੋਰਟ ਬਾਈਲਾਅ ਸਰਵੇਖਣ ਵਿੱਚ ਹਿੱਸਾ ਲੈਣ ਅਤੇ ਜਾਣਕਾਰੀ ਦੇਣ ਲਈ ਤੁਹਾਡਾ ਧੰਨਵਾਦ।

ਤਹਿ ਦਿਲੋਂ,

ਅਬਦੁਲ ਰਾਫੀਹ
ਚੀਫ ਲਿਵਰੀ ਇੰਸਪੈਕਟਰ
ਕੈਲਗਰੀ ਕਮਿਊਨਿਟੀ ਸਟੈਂਡਰਡ